ਸ.ਫ਼ਾ 1 ਦੀਆਂ ਬਾਕੀਆਂ

ਪੰਜਾਬ ਦੇ ਸਿਆਸੀ ਦਲ ਪਾਣੀਆਂ ਦੀ ਰਾਖੀ ਲਈ ਹੋਏ ਇਕਜੁੱਟ

ਇਹ ਦੂਰਦਰਸ਼ੀ ਫ਼ੈਸਲਾ ਲਿਆ ਗਿਆ। ਮੀਟਿੰਗ 'ਚ ਪਾਣੀਆਂ ਦੇ ਇਸ ਮੁੱਦੇ ਦੇ ਹਲ ਲਈ ਪ੍ਰਧਾਨ ਮੰਤਰੀ ਨੂੰ ਸਾਂਝਾ ਵਫ਼ਦ ਲੈ ਕੇ ਮਿਲਣ ਦਾ ਸੁਝਾਅ ਦਿਤਾ ਗਿਆ। ਮੁੱਖ ਮੰਤਰੀ ਨੇ ਕਿਹਾ ਕਿ ਸੋਮਵਾਰ ਸੈਸ਼ਨ ਬਾਅਦ ਇਸ ਬਾਰੇ ਵਿਚਾਰ ਕਰ ਕੇ ਫ਼ੈਸਲਾ ਲਿਸ ਜਾਵੇਗਾ। ਸਾਰੀਆਂ ਸਿਆਸੀ ਪਾਰਟੀਆਂ ਨੇ ਮੁੱਖ ਮੰਤਰੀ ਨੂੰ ਦਰਿਆਈ ਪਾਣੀਆਂ ਦੇ ਇਸ ਮੁੱਦੇ 'ਤੇ ਸੂਬੇ ਅਤੇ ਇਸ ਦੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਹਰ ਸੰਭਵ ਯਤਨ ਕਰਨ ਦੀ ਅਪੀਲ ਕੀਤੀ ਅਤੇ ਇਸ ਕਾਰਜ ਲਈ ਉਨ੍ਹਾਂ ਨੂੰ ਪੂਰਾ ਸਮਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿਤਾ। ਇਸ ਦੌਰਾਨ ਸੂਬਾ ਸਰਕਾਰ ਨੂੰ ਸਮਰਥਨ ਦੇਣ ਲਈ ਸਾਰੀਆਂ ਸਿਆਸੀ ਪਾਰਟੀਆਂ ਦਾ ਤਹਿ ਦਿਲੋਂ ਧਨਵਾਦ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸਾਰੀਆਂ ਸਿਆਸੀ ਜਮਾਤਾਂ ਦੀ ਏਕਤਾ ਨੇ ਉਨ੍ਹਾਂ ਨੂੰ ਵੱਡਾ ਨੈਤਿਕ ਹੌਸਲਾ ਦਿਤਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸੋਮਵਾਰ ਨੂੰ ਪੰਜਾਬ ਵਿਧਾਨ ਸਭਾ ਦਾ ਇਕ ਵਿਸ਼ੇਸ਼ ਸੈਸ਼ਨ ਬੁਲਾਇਆ ਹੈ, ਜਿਸ 'ਚ ਕੇਂਦਰ ਸਰਕਾਰ ਅਤੇ ਬੀ.ਬੀ.ਐਮ.ਬੀ. ਦੀ ਧੱਕੇਸ਼ਾਹੀ ਦੀ ਨਿੰਦਾ ਕੀਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸੰਕਟ ਕੇਂਦਰ ਵਲੋਂ ਸੂਬੇ 'ਤੇ ਥੋਪਿਆ ਗਿਆ ਹੈ ਪਰ ਅਸੀਂ ਇਸ ਵਿਰੁਧ ਲੜਨ ਲਈ ਕਾਨੂੰਨੀ ਤੌਰ 'ਤੇ ਸਹੀ ਅਤੇ ਨੈਤਿਕ ਤੌਰ 'ਤੇ ਮਜ਼ਬੂਤ ਹਾਂ।

ਮਾਮਲਾ ਇੰਨਾ ਨਹੀਂ ਸੀ, 'ਰਾਈ ਦਾ ਪਹਾੜ ਬਣਾ 'ਤਾ' : ਸੁਨੀਲ ਜਾਖੜ

ਨੇ 4500 ਕਿਊਸਿਕ ਹੋਰ ਵਾਧੂ ਪਾਣੀ ਮੰਗਿਆ ਸੀ। ਉਨ੍ਹਾਂ ਕਿਹਾ ਕਿ ਮਾਮਲੇ ਦਾ ਹੱਲ ਹੁਣ ਵੀ ਗੱਲਬਾਤ ਰਾਹੀਂ ਹੀ ਕੀਤਾ ਜਾਣਾ ਚਾਹੀਦਾ ਹੈ ਤੇ ਉਹ ਪੰਜਾਬ ਲਈ ਅਪਣੀ ਪੂਰੀ ਭੂਮਿਕਾ ਨਿਭਾਉਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਗੁਆਂਢੀ ਦੇਸ਼ ਤਾਂ ਸਾਨੂੰ ਪਹਿਲਾਂ ਹੀ ਵੰਡਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਸਾਨੂੰ ਦੋਵਾਂ ਰਾਜਾਂ ਨੂੰ ਆਪਸ 'ਚ ਵੰਡਣ ਵਾਲਾ ਕੋਈ ਕਦਮ ਨਹੀਂ ਚੁੱਕਣਾ ਚਾਹੀਦਾ ਅਤੇ ਇਸ ਸਮੇਂ ਇਕਜੁੱਟ ਰਹਿਣ ਦੀ ਲੋੜ ਹੈ। ਉਨ੍ਹਾਂ ਭਾਖੜਾ ਬੋਰਡ ਦੇ ਫ਼ੈਸਲੇ ਦੀ ਨਿੰਦੀ ਕੀਤੀ। ਉਨ੍ਹਾਂ ਕਿਹਾ ਕਿ ਅਫ਼ਸਰਾਂ ਦੇ ਇਸ ਤਰ੍ਹਾਂ ਤਬਾਦਲੇ ਕਰਨਾ ਠੀਕ ਨਹੀਂ। ਉਨ੍ਹਾਂ ਹਰਿਆਣਾ ਦੀ ਸਿੰਚਾਈ ਮੰਤਰੀ ਸ਼ਰੂਤੀ ਚੌਧਰੀ ਦੀਆਂ ਟਿੱਪਣੀਆਂ ਦੀ ਵੀ ਨਿੰਦਾ ਕੀਤੀ ਅਤੇ ਕਿਹਾ ਕਿ ਦੋਵਾਂ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਗੱਲਬਾਤ ਰਾਹੀਂ ਮਸਲਾ ਹੱਲ ਕਰਨਾ ਚਾਹੀਦਾ ਹੈ।

ਕੁੱਝ ਦਿਨਾਂ ਲਈ ਉਧਾਰ ਮੰਗਿਆ ਸੀ ਵਾਧੂ ਪਾਣੀ : ਨਾਇਬ ਸੈਣੀ

ਸਨ। ਪਰੰਤੂ ਪੰਜਾਬ ਵਲੋਂ ਇਹ ਮੁੱਦਾ ਬਣਾ ਲਿਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨਾਲ ਮਿਲ ਕੇ ਵੀ ਗੱਲ ਕਰਨ ਲਈ ਤਿਆਰ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਅਗਰ ਪੰਜਾਬ 'ਚ ਕਿਸੇ ਸਮੇਂ ਪਾਣੀ ਦਾ ਸੰਕਟ ਆਉਂਦਾ ਹੈ ਤਾਂ ਅਸੀਂ ਪਾਤਾਲ 'ਚੋਂ ਪਾਣੀ ਕੱਢ ਕੇ ਮਦਦ ਕਰ ਸਕਦੇ ਹਾਂ। ਪੰਜਾਬ ਦੇ ਕਿਸੇ ਵਿਅਕਤੀ ਨੂੰ ਅਸੀਂ ਪਿਆਸਾ ਨਹੀਂ ਰਹਿਣ ਦਵਾਂਗੇ, ਇਹ ਗਾਰੰਟੀ ਮੇਰੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਿਛੱਲਾ ਰਿਕਾਰਡ ਦੇਖ ਲੈਣ, ਜੋ ਪਾਣੀ ਹਰਿਆਣਾ ਨੂੰ ਪਹਿਲਾਂ ਤੋਂ ਮਿਲਦਾ ਆ ਰਿਹਾ ਹੈ, ਅਸੀਂ ਸਿਰਫ ਉਸੀ ਦੀ ਗੱਲ ਕਰ ਰਹੇ ਹਨ। ਪਾਣੀ ਇੱਕ ਕੁਦਰਤੀ ਸਰੋਤ ਹੈ। ਇਸ ਸਿਆਸਤ ਵਿੱਚ ਇਹ ਪਾਣੀ ਵੇਸਟ ਹੋ ਕੇ ਪਾਕੀਸਤਾਨ ਚਲਾ ਜਾਵੇਗਾ, ਜੋ ਸਾਡੇ ਨਿਹੱਥੇ ਲੋਕਾਂ ਦਾ ਖੂਨ ਵਗਾਉਣ ਦਾ ਕੰਮ ਕਰ ਰਿਹਾ ਹੈ।

ਮੀਂਹ ਤੇ ਬਿਜਲੀ ਡਿੱਗਣ ਨਾਲ 7 ਮੌਤਾਂ

ਦੇ ਇਕੱਠੇ ਹੋਣ ਕਾਰਨ ਅਚਾਨਕ ਮੀਂਹ ਪਿਆ। ਮੌਸਮ ਪ੍ਰਣਾਲੀਆਂ ਦੇ ਮਿਸ਼ਰਣ ਨੇ ਤੂਫਾਨ ਲਈ ਹਾਲਾਤ ਪੈਦਾ ਕੀਤੇ। ਦਿੱਲੀ, ਗੁਰੂਗ੍ਰਾਮ, ਫਰੀਦਾਬਾਦ ਅਤੇ ਮਥੁਰਾ ਦੀਆਂ ਸੜਕਾਂ 'ਤੇ ਪਾਣੀ ਭਰ ਗਿਆ ਜਿਸ ਦੌਰਾਨ ਮੁਸਾਫ਼ਰ ਘੰਟਿਆਂ ਤਕ ਹੌਲੀ ਚੱਲ ਰਹੀ ਆਵਾਜਾਈ 'ਚ ਫਸੇ ਰਹੇ। ਦਿੱਲੀ ਦੇ ਮਿੰਟੋ ਬ੍ਰਿਜ, ਆਈ.ਟੀ.ਓ., ਆਰ.ਕੇ. ਪੁਰਮ ਦੇ ਮੇਜਰ ਸੋਮਨਾਥ ਮਾਰਗ ਅਤੇ ਖਾਨਪੁਰ 'ਚ ਮੀਂਹ ਦਾ ਪਾਣੀ ਭਰ ਗਿਆ, ਜਿਸ ਕਾਰਨ ਇਲਾਕਿਆਂ 'ਚ ਭਾਰੀ ਟਰੈਫਿਕ ਜਾਮ ਹੋ ਗਿਆ। ਦਿੱਲੀ ਹਵਾਈ ਅੱਡੇ 'ਤੇ ਤਿੰਨ ਉਡਾਣਾਂ ਦਾ ਮਾਰਗ ਬਦਲਿਆ ਗਿਆ ਅਤੇ 200 ਤੋਂ ਵੱਧ ਉਡਾਣਾਂ 'ਚ ਦੇਰੀ ਹੋਈ ਕਿਉਂਕਿ ਤੂਫਾਨ ਅਤੇ ਤੇਜ਼ ਹਵਾਵਾਂ ਨੇ ਸੰਚਾਲਨ 'ਚ ਵਿਘਨ ਪਾਇਆ। ਟਰੈਫਿਕ ਪੁਲਿਸ ਦੇ ਇਕ ਅਧਿਕਾਰੀ ਨੇ ਦਸਿਆ ਕਿ ਜੰਮੂ-ਕਸ਼ਮੀਰ ਦੇ ਰਾਮਬਨ ਜ਼ਿਲ੍ਹੇ 'ਚ ਮੀਂਹ ਕਾਰਨ ਜ਼ਮੀਨ ਖਿਸਕਣ ਕਾਰਨ ਜੰਮੂ-ਸ਼੍ਰੀਨਗਰ ਕੌਮੀ ਰਾਜਮਾਰਗ ਨੂੰ ਬੰਦ ਕਰ ਦਿਤਾ ਗਿਆ ਹੈ। ਚਿਨਾਬ ਨਦੀ 'ਚ ਹੜ੍ਹ ਆ ਗਿਆ। ਆਈ.ਐਮ.ਡੀ. ਦੇ ਅਨੁਸਾਰ, ਪਛਮੀ ਉੱਤਰ ਪ੍ਰਦੇਸ਼ 'ਚ 3 ਅਤੇ 4 ਮਈ ਨੂੰ ਕੁੱਝ ਥਾਵਾਂ 'ਤੇ ਬਾਰਸ਼ ਅਤੇ ਗਰਜ ਨਾਲ ਬਾਰਸ਼ ਹੋਣ ਦੀ ਸੰਭਾਵਨਾ ਹੈ। ਕੁਫਰੀ, ਬਿਲਾਸਪੁਰ, ਰੇਕਾਂਗ ਪੀਓ, ਬਾਜੂਰਾ, ਨਰਕਨਾਡਾ ਅਤੇ ਤਾਬੋ 'ਚ ਤੇਜ਼ ਹਵਾਵਾਂ ਚੱਲੀਆਂ, ਜਦਕਿ ਸ਼ਿਮਲਾ, ਜੁਬਰਹੱਟੀ, ਸੁੰਦਰਨਗਰ, ਜੋਤ, ਭੂੰਤਰ, ਮੁਰਾਰੀ ਦੇਵੀ, ਕੁਫਰੀ ਅਤੇ ਕਾਂਗੜਾ 'ਚ ਤੂਫਾਨ ਆਇਆ। ਪੰਜਾਬ ਅਤੇ ਹਰਿਆਣਾ ਦੇ ਕਈ ਹਿੱਸਿਆਂ 'ਚ ਰਾਤ ਭਰ ਹੋਈ ਬਾਰਸ਼ ਅਤੇ ਤੇਜ਼ ਹਵਾਵਾਂ ਕਾਰਨ ਦੋਹਾਂ ਸੂਬਿਆਂ 'ਚ ਤਾਪਮਾਨ 'ਚ ਥੋੜ੍ਹੀ ਗਿਰਾਵਟ ਆਈ। ਸਥਾਨਕ ਮੌਸਮ ਵਿਭਾਗ ਨੇ ਦਸਿਆ ਕਿ ਹਿਸਾਰ, ਬਠਿੰਡਾ ਅਤੇ ਗੁਰਦਾਸਪੁਰ 'ਚ ਸੱਭ ਤੋਂ ਵੱਧ ਬਾਰਸ਼ ਹੋਈ। (ਏਜੰਸੀ)

ਪਾਣੀਆਂ ਦੇ ਵਿਵਾਦ ਦੇ ਚਲਦੇ ਨੱਡਾ ਨੂੰ ਮਿਲੇ ਕੈਪਟਨ

ਬਰਾਡ ਕਰਕੇ ਆਪਣਿਬਸਰਕਾਰ ਸਮੇ ਪੰਜਾਬ ਦੇ ਪਾਣੀਆਂ ਦੇ ਰਾਖੇ ਵਜੋਂ ਪ੍ਰਸ਼ਹੀਦੀ ਪ੍ਰਾਪਤ ਕੀਤੀ ਸੀ ਅਤੇ ਇਸ ਕਰਕੇ ਉਨ੍ਹਾਂ ਉਪਰ ਇਸ ਸਮੇ ਚੁੱਪ ਕਾਰਨ ਸਵਾਲ ਉੱਠ ਰਹੇ ਹਨ ਇਹ ਵੀ ਪੱਤਾ ਲਗਾ ਹੈ ਕਿ ਕੈਪਟਨ ਨੇ ਦੇਸ਼ ਦੀ ਮੌਜੂਦਾ ਸਥਿਤੀ ਚ ਪਾਕਿਸਤਾਨ ਨਾਲ ਚਲ ਰਹਰ ਟਕਰਾਓ ਦੇ ਸਬੰਧ ਚ ਆਪਣੇ ਅਨੁਭਵ ਦੇ ਅਧਾਰ ਤੇ ਫੌਜੀ ਰਣਨੀਤੀ ਬਾਰੇ ਵੀ ਗ਼ੌਰ ਰਸਮੀ ਗਲਬਾਤ ਕੀਤੀ ਹੈ।

ਸਾਢੇ 3 ਲੱਖ ਪ੍ਰਵਾਸੀਆਂ 'ਤੇ ਸ਼ਿਕੰਜਾ ਕਸਣ ਦੀ ਤਿਆਰੀ 'ਚ ਅਮਰੀਕਾ

ਕਦਮ ਚੁੱਕੇ ਹਨ, ਜਿਨ੍ਹਾਂ ਨੇ ਪ੍ਰਵਾਸੀਆਂ ਨੂੰ ਦੇਸ਼ ਵਿਚ ਰਹਿਣ ਦੀ ਇਜਾਜ਼ਤ ਦਿਤੀ ਹੈ, ਜਿਸ ਵਿੱਚ ਕੁੱਲ 600,000 ਵੈਨੇਜ਼ੁਏਲਾ ਵਾਸੀਆਂ ਅਤੇ 500,000 ਹੈਤੀ ਵਾਸੀਆਂ ਲਈ ਟੀਪੀਐਸ ਖ਼ਤਮ ਕਰਨਾ ਸ਼ਾਮਲ ਹੈ। ਅਮਰੀਕਾ ਵਿਚ ਪਹਿਲਾਂ ਹੀ ਰਹਿ ਰਹੇ ਲੋਕਾਂ ਨੂੰ 18-ਮਹੀਨਿਆਂ ਦੇ ਵਾਧੇ ਵਿਚ ਟੀਪੀਐਸ ਦਿਤਾ ਜਾਂਦਾ ਹੈ, ਜਿਨ੍ਹਾਂ ਦੇ ਦੇਸ਼ ਕੁਦਰਤੀ ਆਫ਼ਤ ਜਾਂ ਸਿਵਲ ਟਕਰਾਅ ਕਾਰਨ ਵਾਪਸੀ ਲਈ ਅਸੁਰੱਖਿਅਤ ਮੰਨੇ ਜਾਂਦੇ ਹਨ। (ਏਪੀ)

ਹਾਈ ਕੋਰਟ ਦੀ ਝਾੜ ਤੋਂ ਬਾਅਦ ਰਾਮਦੇਵ ਨੇ ਮੰਗੀ ਮੁਆਫ਼ੀ

ਕੀਤਾ ਜਾ ਸਕਦਾ ਅਤੇ ਇਸ ਨੇ ਉਸ ਦੀ ਜ਼ਮੀਰ ਨੂੰ ਝੰਜੋੜ ਦਿਤਾ ਹੈ, ਜਿਸ ਤੋਂ ਬਾਅਦ ਰਾਮਦੇਵ ਨੇ ਭਰੋਸਾ ਦਿਤਾ ਕਿ ਉਹ ਸਬੰਧਤ ਵੀਡੀਉ ਅਤੇ ਸੋਸ਼ਲ ਮੀਡੀਆ ਪੋਸਟਾਂ ਨੂੰ ਤੁਰਤ ਹਟਾ ਦੇਣਗੇ। ਸ਼ੁਕਰਵਾਰ ਨੂੰ ਹਮਦਰਦ ਦੇ ਵਕੀਲ ਨੇ ਕਿਹਾ ਕਿ ਪਿਛਲੇ ਹੁਕਮ ਅਨੁਸਾਰ ਇਤਰਾਜ਼ਯੋਗ ਯੂਟਿਊਬ ਵੀਡੀਉ ਨੂੰ ਹਟਾਉਣ ਦੀ ਬਜਾਏ, ਬਚਾਅਕਰਤਾ ਨੇ ਇਸ ਨੂੰ ਸਿਰਫ ਨਿੱਜੀ ਬਣਾ ਦਿਤਾ ਸੀ। ਦੂਜੇ ਪਾਸੇ ਰਾਮਦੇਵ ਦੇ ਵਕੀਲ ਨੇ ਕਿਹਾ ਕਿ ਉਹ ਅਦਾਲਤ ਦਾ ਬਹੁਤ ਸਤਿਕਾਰ ਕਰਦੇ ਹਨ ਅਤੇ ਅਦਾਲਤ ਦੇ ਹੁਕਮਾਂ ਦੀ ਪਾਲਣਾ ਕੀਤੀ ਜਾਵੇਗੀ। ਉਨ੍ਹਾਂ ਅਦਾਲਤ ਨੂੰ ਮੁਕੱਦਮੇ ਦਾ ਨਿਪਟਾਰਾ ਕਰਨ ਦੀ ਅਪੀਲ ਕਰਦਿਆਂ ਕਿਹਾ, "ਸਾਡੇ ਕੋਲ 24 ਘੰਟੇ ਹਨ, ਅਸੀਂ ਇਸ ਦੀ ਪਾਲਣਾ ਕਰਾਂਗੇ।" ਇਸ ਤੋਂ ਬਾਅਦ ਅਦਾਲਤ ਨੇ ਮਾਮਲੇ ਦੀ ਸੁਣਵਾਈ 9 ਮਈ ਨੂੰ ਮੁਲਤਵੀ ਕਰ ਦਿਤੀ। 1 ਮਈ ਨੂੰ ਜਦੋਂ ਅਦਾਲਤ ਨੇ ਰਾਮਦੇਵ ਵਿਰੁਧ ਮਾਨਹਾਨੀ ਦੀ ਕਾਰਵਾਈ ਸ਼ੁਰੂ ਕਰਨ ਦੀ ਚੇਤਾਵਨੀ ਦਿਤੀ ਸੀ ਤਾਂ ਉਨ੍ਹਾਂ ਦੇ ਵਕੀਲ ਨੇ ਭਰੋਸਾ ਦਿਤਾ ਸੀ ਕਿ ਕੁੱਝ ਇਤਰਾਜ਼ਯੋਗ ਸਮੱਗਰੀ ਜੋ ਬਾਅਦ 'ਚ ਪ੍ਰਕਾਸ਼ਤ ਹੋਈ ਸੀ, ਨੂੰ ਵੀ 24 ਘੰਟਿਆਂ ਦੇ ਅੰਦਰ ਹਟਾ ਦਿਤਾ ਜਾਵੇਗਾ। (ਪੀਟੀਆਈ)

ਖੁੱਲੀ ਬੋਲੀ

ਨਗਰ ਕੌਂਸਲ ਸਮਰਾਲਾ ਵੱਲੋਂ ਹੇਠਾਂ ਦਿੱਤੇ ਵੇਰਵੇ ਅਨੁਸਾਰ ਕੰਮਾਂ ਦੀ ਖੁਲੀ ਬੋਲੀ ਮਿਤੀ 12.05.2025 ਨੂੰ ਕਰਵਾਈ ਜਾਣੀ ਹੈ। ਕੋਈ ਵੀ ਵਿਅਕਤੀ ਹੇਠਾਂ ਦਿੱਤੇ ਸਮੇਂ ਤੇ ਨਗਰ ਕੌਂਸਲ ਸਮਰਾਲਾ ਵਿਖੇ ਆ ਕੇ ਬਿਆਨਾ ਰਕਮ ਜਮ੍ਹਾਂ ਕਰਵਾ ਕੇ ਖੁੱਲੀ ਬੋਲੀ ਵਿੱਚ ਭਾਗ ਲੈ ਸਕਦੇ ਹਨ। ਇਨ੍ਹਾਂ ਕੰਮਾਂ ਦੀ ਰਿਜ਼ਰਵ ਕੀਮਤ ਮੌਕੇ ਤੇ ਦੱਸੀ ਜਾਵੇਗੀ। ਬੋਲੀ ਪ੍ਰਵਾਨ/ਰੱਦ ਕਰਨ ਦਾ ਅਧਿਕਾਰ ਪ੍ਰਧਾਨ/ਕਾਰਜ ਸਾਧਕ ਅਫਸਰ ਨੂੰ ਹੋਵੇਗਾ। ਜੇਕਰ ਬੋਲੀ ਵਾਲੇ ਦਿਨ ਛੁੱਟੀ ਹੋ ਜਾਂਦੀ ਹੈ ਤਾਂ ਖੁੱਲ੍ਹੀ ਬੋਲੀ ਉਕਤ ਸਮੇਂ ਅਨੁਸਾਰ ਅਗਲੇ ਕੰਮ ਕਾਜ ਵਾਲੇ ਦਿਨ ਕਰਵਾਈ ਜਾਵੇਗੀ। ਬੋਲੀ ਦੀਆਂ ਸ਼ਰਤਾਂ ਕਿਸੇ ਵੀ ਕੰਮ ਕਾਜ ਵਾਲੇ ਦਿਨ ਦਫਤਰ ਨਗਰ ਕੌਂਸਲ ਸਮਰਾਲਾ ਵਿਖੇ ਹਾਜ਼ਰ ਹੋ ਕੇ ਦੇਖੀਆਂ ਜਾ ਸਕਦੀਆਂ ਹਨ।

ਲੜੀ ਨੰ.	ਕੰਮ	ਖੁੱਲੀ ਬੋਲੀ ਦਾ ਸਮਾਂ	ਠੇਕੇ ਤੇ ਦੇਣ ਦਾ ਸਮਾਂ	ਰਕਮ ਬਿਆਨਾ
1.	ਬੱਸ ਅੱਡਾ ਪਰਚੀ ਫੀਸ ਕੁਲੈਕਸ਼ਨ (ਮਿਤੀ 20.05.2025 ਤੋਂ 19.05.2026)	11.00 ਵਜੇ	ਮਿਤੀ 20.05.2025 ਤੋਂ 19.05.2025 (1 ਸਾਲ)	10000/-
2.	ਨਗਰ ਕੌਂਸਲ ਸਮਰਾਲਾ ਦੀ ਵਾਹੀਯੋਗ ਜ਼ਮੀਨ ਕੁੱਲ 4 ਏਕੜ ਨੇੜੇ ਚਹਿਲਾ ਕਲੋਨੀ	11.30 ਵਜੇ	ਹਾੜੀ ਅਤੇ ਸਾਉਣੀ (1 ਸਾਲ)	5000/-
2.	ਨਗਰ ਕੌਂਸਲ ਸਮਰਾਲਾ ਦੀ ਜ਼ਮੀਨ ਨੇੜੇ ਬਾਈਪਾਸ ਕੂੜੇ ਵਾਲਾ ਡੰਪ ਕੁੱਲ 5 ਏਕੜ	12.00 ਵਜੇ	ਹਾੜੀ ਅਤੇ ਸਾਉਣੀ (1 ਸਾਲ)	5000/-

ਕਾਰਜ ਸਾਧਕ ਅਫਸਰ
ਨਗਰ ਕੌਂਸਲ ਸਮਰਾਲਾ

44010

ਡਾਇਰੈਕਟੋਰੇਟ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ
ਪੰਜਾਬ ਖੇਤੀ ਭਵਨ, ਪਲਾਟ ਨੰ. 204 (ਨੇੜੇ ਦਾਰਾ ਸਟੂਡੀਓ), ਫੇਸ 6 ਐਸ.ਏ.ਐਸ. ਨਗਰ (ਮੋਹਾਲੀ)।

ਪਬਲਿਕ ਨੋਟਿਸ

ਪੰਜਾਬ ਰਾਜ ਅੰਦਰ ਨਕਲੀ ਪੈਸਟੀਸਾਈਡ ਦੀ ਸਮੱਸਿਆ ਨਾਲ ਨਜਿੱਠਣ ਲਈ QR Code ਨਾਲ Track and Trace System ਲਿਆਉਣ ਲਈ ਦੇਸ਼ ਭਰ ਦੇ QR Code Vendors ਨੂੰ ਸੱਦਾ ਦਿੱਤਾ ਜਾਂਦਾ ਹੈ। ਇਸ ਲਈ ਸਾਰੇ ਆਪਣੀ-ਆਪਣੀ presentation directoragriculturepunjab@gmail.com, ਅਤੇ jdaplantprotection@gmail.com ਤੇ ਮਿਤੀ 07.05.2025 ਤੋਂ 12.05.2025 ਤੱਕ ਸ਼ਾਮ 05:00 ਵਜੇ ਤੱਕ ਭੇਜ ਸਕਦੇ ਹਨ।

ਸਹੀ/-
ਡਾਇਰੈਕਟਰ ਖੇਤੀਬਾੜੀ ਅਤੇ
ਕਿਸਾਨ ਭਲਾਈ ਵਿਭਾਗ, ਪੰਜਾਬ।

44054

HDFC BANK

ਐਚਡੀਐਫਸੀ ਬੈਂਕ ਲਿਮਟਿਡ

ਬ੍ਰਾਂਚ ਦਫਤਰ : ਐਚਡੀਐਫ਼ਸੀ ਬੈਂਕ, ਪਹਿਲੀ ਮੰਜ਼ਿਲ ਆਫ਼ ਐਮਸੀ ਨੰ. ਬੀ-35-922-ਕੇ, ਸੁੰਦਰ ਨਗਰ, ਨੇੜੇ ਐਮਬੀਡੀ ਮਾਲ, ਫਿਰੋਜ਼ਪੁਰ ਰੋਡ, ਲੁਧਿਆਣਾ-141012, ਟੈਲੀ : 0161-5144444, CIN : L65920MH1994PLC080618, ਵੈਬਸਾਈਟ : www.hdfcbank.com

ਕਬਜਾ ਨੋਟਿਸ

ਜਦਕਿ ਐਚਡੀਐਫ਼ਸੀ ਬੈਂਕ ਲਿਮਟਡ (ਪਹਿਲਾਂ ਐਚਡੀਐਫ਼ਸੀ ਲਿਮਟਡ ਹੁਣ ਮਾਨਯੋਗ ਐਨਸੀਐਲਟੀ-ਮੁੰਬਈ ਦੇ 17 ਮਾਰਚ 2023 ਦੇ ਹੁਕਮ ਤਹਿਤ ਮਨਜ਼ੂਰ ਰਲੇਵਾਂ ਸਕੀਮ ਦੀ ਵਿਸ਼ੇਸ਼ਤਾ ਨਾਲ ਐਚਡੀਐਫ਼ਸੀ ਬੈਂਕ ਲਿਮਟਿਡ ਨਾਲ ਰਲੇਵਾਂ) (ਐਚਡੀਐਫ਼ਸੀ) ਦੇ ਅਧਿਕਾਰਤ ਅਫ਼ਸਰ ਨੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫ਼ਾਈਨੇਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ, 2002 ('ਉਕਤ ਐਕਟ') ਅਤੇ ਸਕਿਉਰਿਟੀ ਇੰਟਰੱਸਟ (ਇੰਫੋਰਸਮੈਂਟ) ਰੂਲਜ਼, 2002 ਨਾਲ ਪੜ੍ਹੇ ਜਾਂਦੇ ਰੂਲ 3 ਦੇ ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਉਕਤ ਐਕਟ ਦੇ ਸੈਕਸ਼ਨ 13(2) ਅਧੀਨ ਡਿਮਾਂਡ ਨੋਟਿਸ ਜਾਰੀ ਕਰਕੇ ਹੋਣਾਂ ਲਿਖੇ ਕਰਜ਼ਦਾਰ(ਾਂ)/ਕਾਨੂੰਨੀ ਵਾਰਸ(ਾਂ) ਅਤੇ ਕਾਨੂੰਨੀ ਪੂਤੀਨਿਧ(ਾਂ) ਨੂੰ ਉਨ੍ਹਾਂ ਦੇ ਨਾਮ ਅੱਗੇ ਲਿਖੀ ਰਕਮ ਸਮੇਤ ਇਸ ਤੇ ਵਿਆਜ ਲਾਗੂ ਦਰ ਨਾਲ ਉਕਤ ਨੋਟਿਸ ਵਿਚ ਦਰਸਾਏ ਅਨੁਸਾਰ ਸਬੰਧਤ ਨੋਟਿਸਾਂ ਦੇ 60 ਦਿਨਾਂ ਦੇ ਅੰਦਰ ਮਿਤੀ ਜਾਂ ਪ੍ਰਾਪਤੀ ਦੀ ਮਿਤੀ ਤਕ ਦੱਸੇ ਗਏ ਨੋਟਿਸਾਂ, ਆਕਸਮਿਕ ਖ਼ਰਚਿਆਂ, ਲਾਗਤਾਂ, ਚਾਰਜਾਂ ਆਦਿ ਨਾਲ ਅਦਾ ਕਰਨ ਲਈ ਕਿਹਾ ਗਿਆ ਸੀ।

ਲੜੀ ਨੰ:	ਕਰਜ਼ਦਾਰ(ਾਂ) ਦਾ ਨਾਮ	ਬਕਾਇਆ ਰਕਮ	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	ਸਕਿਓਰਡ ਐਸੇਟ (ਸ)/ ਅਚੱਲ ਜਾਇਦਾਦ (ਾਂ) ਦੇ ਵੇਰਵੇ
1.	ਸ੍ਰੀ ਅਮਨਦੀਪ ਸਿੰਘ ਪੁੱਤਰ ਸ੍ਰੀ ਕਰਤਾਰ ਸਿੰਘ (ਕਰਜ਼ਦਾਰ) ਅਤੇ ਸ੍ਰੀਮਤੀ ਮੀਨਾ ਵਰਮਾ ਪਤਨੀ ਸ੍ਰੀ ਅਮਨਦੀਪ ਸਿੰਘ (ਸਹਿ ਕਰਜ਼ਦਾਰ) ਦੋਵੇਂ ਵਾਸੀ ਪਲਾਟ ਨੰ. 256-ਡੀ, ਕਲੋਨੀ ਸਿਟੀ ਇਨਕਲੇਵ, ਪਿੰਡ ਮਾਣਕਵਾਲ, ਨੇੜੇ ਪ੍ਰੀਤ ਵਿਹਾਰ ਧਾਂਦਰਾ ਰੋਡ ਇਅਰ ਸਿਹਰਾ ਪਲੇਸ, ਲੁਧਿਆਣਾ-141001, ਇਹ ਵੀ : ਵਾਸੀ ਮਕਾਨ ਨੰਬਰ 6990, ਗਲੀ ਨੰਬਰ 3, ਨਿਊ ਜਨਤਾ ਨਗਰ, ਲੁਧਿਆਣਾ-141003, ਇਹ ਵੀ : ਵਾਸੀ ਮਕਾਨ ਨੰਬਰ ਬੀ-23-151, ਚੀਮਾ ਚੌਕ, ਇੰਡਸਟਰੀਅਲ ਏਰੀਆ-ਏ, ਇਲਰਗੰਜ, ਲੁਧਿਆਣਾ 141003	ਰੁ. 20,76,186/- (ਵੀਹ ਲੱਖ ਛਹੱਤਰ ਹਜ਼ਾਰ ਇੱਕ ਸੌ ਛਿਆਸੀ ਰੁ. ਸਿਰਫ) 31 ਅਕਤੂਬਰ-2024* ਨੂੰ ਬਕਾਇਆ	11-Dec-2024	30-Apr-2025 (SYMBOLIC)	ਜ਼ਮੀਨ ਦਾ ਪਲਾਟ ਅਤੇ ਇਸ 'ਤੇ ਦੋਵੇਂ ਮੌਜੂਦਾ ਅਤੇ ਭਵ